ਡਿਜੀਟਲ ਦੋਮਾਹੀ ਪੱਤਰ ਅੰਕ: 2, ਨੰ: 4 (ਜੁਲਾਈ- ਅਗਸਤ, 2022)

www.gadvasu.in

# ਪਸ਼ੂ ਪਾਲਣ ਸੁਨੇਹੇ



## ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

'PASHU PALAN SUNEHE'

Vol. 2 No. 4 ( July- August 2022)

**ਸੰਪਾਦਕੀ ਬੋਰਡ**

**ਚੇਅਰਮੈਨ**
ਡਾ. ਪਰਕਾਸ਼ ਸਿੰਘ ਬਰਾੜ
(ਨਿਰਦੇਸ਼ਕ ਪਸਾਰ ਸਿੱਖਿਆ)

**ਮੈਂਬਰ**
ਡਾ. ਮੀਰਾ ਡੀ. ਆਂਸਲ
ਡਾ. ਜਸਪਾਲ ਸਿੰਘ ਹੁੰਦਲ
ਡਾ. ਹਰਕੀਰਤ ਸਿੰਘ
ਡਾ. ਇੰਦਰਪ੍ਰੀਤ ਕੌਰ

**ਸੰਪਾਦਕ**
ਡਾ. ਰਾਕੇਸ਼ ਕੁਮਾਰ ਸ਼ਰਮਾ
ਡਾ. ਜਸਵਿੰਦਰ ਸਿੰਘ

**ਸੰਪਰਕ**
ਨਿਰਦੇਸ਼ਾਲਾ ਪਸਾਰ ਸਿੱਖਿਆ
ਗੁਰੂ ਅੰਗਦ ਦੇਵ ਵੈਟਨਰੀ
ਐਂਡ ਐਨੀਮਲ ਸਾਇੰਸਜ਼
ਯੂਨੀਵਰਸਿਟੀ, ਲੁਧਿਆਣਾ
0161-2553364
deegadvasuldh@gmail.com

**ਯੂਟਿਊਬ ਚੈਨਲ**

SCAN

## ਪਾਣੀ ਹੀ ਜੀਵਨ ਹੈ

ਧਰਤੀ ਦਾ ਲੱਗਭੱਗ 71% ਹਿੱਸਾ ਪਾਣੀ ਨਾਲ ਢੱਕਿਆ ਹੋਇਆ ਹੈ। ਲੱਗਭੱਗ 96% ਧਰਤੀ ਦਾ ਪਾਣੀ ਸੰਮੁਦਰਾਂ ਵਿੱਚ ਹੈ।ਧਰਤੀ ਦੇ ਸਾਰੇ ਪਾਣੀ ਵਿੱਚੋ ਲੱਗਭੱਗ 97% ਖਾਰਾ ਪਾਣੀ ਹੈ ਤੇ ਬਾਕੀ ਮਿੱਠਾ ਜਾਂ ਕਹਿ ਲਵੋ ਪੀਣ ਯੋਗ ਹੈ।ਇਸ ਬਾਕੀ ਬਚੇ 3% ਵਿੱਚੋ ਲੱਗਭੱਗ 2.5% ਗਲੇਸ਼ੀਅਰਾਂ, ਪਹਾੜਾਂ ਦੀ ਬਰਫ਼, ਵਾਤਾਵਰਣੀ ਅਤੇ ਮਿੱਟੀ ਵਿਚਲੀ ਨਮੀ ਦੇ ਰੂਪ ਵਿੱਚ ਹੁੰਦਾ ਹੈ ਤੇ ਬਾਕੀ ਸਿਰਫ 0.5% ਹੀ ਉਪਲੱਬਧ ਸ੍ਰੋਤ ਹੈ।

ਮਨੁੱਖ ਸਰੀਰ ਵਿੱਚ ਲੱਗਭੱਗ 60% ਪਾਣੀ ਹੈ, ਖੂਨ ਵਿੱਚ 80% ਪਾਣੀ ਹੈ। ਪਸ਼ੂਆਂ ਵਿੱਚ 60-70% ਪਾਣੀ ਹੈ ਤੇ ਦੁੱਧ ਵਿੱਚ 87% ਪਾਣੀ ਹੈ। ਕਹਿਣ ਦਾ ਭਾਵ ਹੈ ਕਿ ਪਾਣੀ ਨਾਲ ਹੀ ਜੀਵਨ ਹੈ। ਪਾਣੀ ਪਾਚਣ ਕਿਰਿਆ ਵਿੱਚ, ਤੱਤਾਂ ਦੇ ਜਜ਼ਬ ਹੋਣ ਵਿੱਚ, ਖੂਨ ਬਣਾਉਣ ਵਿੱਚ, ਖੁਰਾਕੀ ਤੱਤਾਂ ਨੂੰ ਵੱਖ ਵੱਖ ਅੰਗਾਂ ਤੱਕ ਪੁੰਹਚਾਉਣ ਵਿੱਚ, ਥੁੱਕ ਬਣਾਉਣ ਵਿੱਚ, ਸਰੀਰਕ ਤਾਪਮਾਨ ਬਰਕਰਾਰ ਰੱਖਣ ਵਾਸਤੇ, ਵਾਧੂ ਜਹਿਰੀਲੇ ਪਦਾਰਥ ਬਾਹਰ ਕੱਢਣ ਲਈ ਆਦਿ ਲੋੜੀਦਾਂ ਹੈ। ਪਾਣੀ ਤੋਂ ਬਗੈਰ ਮਨੁੱਖਾਂ ਤੇ ਜਿਆਦਾਤਰ ਜਾਨਵਰਾਂ ਦਾ ਜੀਵਨ 2-3 ਦਿਨ ਤੋਂ ਵੱਧ ਨਹੀ ਚਲ ਸਕਦਾ। ਜਿਸ ਤਰਾਂ ਜਾਨਵਰਾਂ ਵਿੱਚ ਇਹ ਲੋੜੀਂਦਾ ਹੈ , ਪੇੜ-ਪੋਦਿਆਂ ਤੇ ਹੋਰ ਜੀਵ ਜੰਤੂਆਂ ਲਈ ਵੀ ਇਹ ਚਾਹੀਦਾ ਹੈ। ਕੁਦਰਤ ਨੇ ਇੱਕ ਸੰਮਤੋਲ ਬਣਾਇਆ ਹੋਇਆ ਹੈ। ਜੇ ਇਹ ਸੰਮਤੋਲ ਵਿਗੜ ਗਿਆ ਤਾਂ ਸਾਰੇ ਪ੍ਰਾਣੀਆਂ ਦੀ ਹੋਂਦ ਖਤਰੇ ਵਿੱਚ ਆ ਜਾਣੀ ਹੈ।

ਪੰਜਾਬ ਕਿਸੇ ਵੇਲੇ ਪੰਜ ਦਰਿਆਵਾਂ ਦੀ ਧਰਤੀ ਸੀ। ਪਾਣੀ ਹੀ ਇਸਦਾ ਖਜਾਨਾ ਸੀ। ਪਰ ਸਮੇਂ ਦੇ ਨਾਲ ਨਾਲ ਪੈਦਾ ਹੋਏ ਹਲਾਤਾਂ ਤੇ ਅੱਜ ਇਹ ਹਲਾਤ ਪੈਦਾ ਕਰ ਦਿੱਤੇ ਨੇ ਕਿ ਕਿਹਾ ਜਾ ਰਿਹਾ ਹੈ ਕਿ ਪੰਜਾਬ ਮਾਰੂਥਲ ਬਨਣ ਦੇ ਕੰਢੇ ਤੇ ਖੜਾ ਹੈ। ਵੀਰੋ, ਆਉ ਸੁਚੇਤ ਹੋਈਏ ਤੇ ਆਪਣੇ ਇਸ ਸੂਬੇ ਨੂੰ ਵਾਪਿਸ ਪਹਿਲਾਂ ਵਾਲਾ ਹਰਾ-ਭਰਾ ਤੇ ਸਾਫ਼ ਸੁਥਰਾ ਬਣਾਈਏ।

ਮੇਰਾ ਸੋਹਣਾ ਦੇਸ਼ ਪੰਜਾਬ, ਫੁੱਲ ਗੁਲਾਬ, ਕਦੇ ਮੁਰਝਾਵੇ ਨਾਂ
ਇਹਨੂੰ ਨਜ਼ਰ ਕਿਸੇ ਦੀ ਲੱਗ ਜਾਵੇ ਨਾਂ।

(ਸੰਪਾਦਕ)

## ਕੈਬਨਿਟ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਨੇ ਯੂਨੀਵਰਸਿਟੀ ਦਾ ਪਲੇਠਾ ਦੌਰਾ ਕੀਤਾ

ਸ. ਕੁਲਦੀਪ ਸਿੰਘ ਧਾਲੀਵਾਲ-ਕੈਬੀਨਟ ਮੰਤਰੀ, ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ, ਪੇਂਡੂ ਵਿਕਾਸ ਅਤੇ ਪੰਚਾਇਤਾਂ, ਪਰਵਾਸੀ ਭਾਰਤੀ ਮਾਮਲੇ, ਪੰਜਾਬ ਸਰਕਾਰ ਨੇ ਮਈ 2022 ਮਹੀਨੇ ਵਿੱਚ ਯੂਨੀਵਰਸਿਟੀ ਦਾ ਪਲੇਠਾ ਦੌਰਾ ਕੀਤਾ

ਇਸ ਮੋਕੇ ਉਹਨਾਂ ਨੇ ਯੂਨੀਵਰਸਿਟੀ ਵਲੋ ਬਣਾਏ ਗਏ ਜਲਵਾਯੂ ਅਨੁਕੂਲ ਪਸ਼ੂ ਸ਼ੈਡ ਅਤੇ ਮੱਛੀ ਕਲਾਜ ਦੀ ਨਵੀ ਇਮਾਰਤ ਦਾ ਉਦਘਾਟਨ ਕੀਤਾ। ਇਸ ਮੋਕੇ ਸ੍ਰੀ ਧਾਲੀਵਾਲ ਨੇ ਯੂਨੀਵਰਸਿਟੀ ਵਲੋਂ ਮਹੀਨੇ ਵਾਰ ਛਾਪੇ ਜਾਂਦੇ ਰਸਾਲੇ "ਵਿਗਿਆਨਕ ਪਸ਼ੂ ਪਾਲਣ" ਦਾ ਜੂਨ 2022 ਅੰਕ ਜਾਰੀ ਕੀਤਾ। ਉਹਨਾਂ ਨੇ ਯੂਨੀਵਰਸਿਟੀ ਵਲੋਂ ਪਸ਼ੂ ਪਾਲਕਾਂ ਦੇ ਹਿੱਤ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਵਿਗਿਅਨਕ ਲੀਹਾਂ ਤੇ ਪਸ਼ੂ ਪਾਲ ਕੇ ਕਿਸਾਨ ਵੀਰ ਵਧੇਰੇ ਆਰਥਿਕ ਲਾਹਾ ਖੱਟ ਸਕਦੇ ਹਨ।






## ਐਨਕੋਵੈਕਸ (Ancovax)-ਭਾਰਤ ਵਿੱਚ ਤਿਆਰ ਕੀਤੀ ਜਾਨਵਰਾਂ ਲਈ ਕੋਰੋਨਾ-19 ਦੀ ਪਹਿਲੀ ਵੈਕਸੀਨ

ਵੱਖ ਵੱਖ ਦੇਸ਼ਾਂ ਵਿੱਚ ਜਾਨਵਰਾਂ ਵਿੱਚ ਵੀ ਕੋਵਿਡ-19 ਦੇ ਲੱਛਣ ਸਾਹਮਣੇ ਆਉਣ ਕਰਕੇ ਜਾਨਵਰਾਂ ਲਈ ਕੋਵਿਡ-19 ਦੀ ਵੈਕਸੀਨ ਦੀ ਜਰੂਰਤ ਮਹਿਸੂਸ ਕੀਤੀ ਜਾ ਰਹੀ ਸੀ। ਇਸ ਲਈ ਹਿਸਾਰ ਵਿਖੇ ਸਥਿਤ ਘੋੜਿਆਂ ਲਈ ਕੌਮੀ ਖੋਜ ਕੇਂਦਰ ( NRCE) ਦੁਆਰਾ ਭਾਰਤ ਦੀ ਜਾਨਵਰਾਂ ਲਈ ਪਹਿਲੀ ਕੋਵਿਡ-19 ਵੈਕਸੀਨ - ਐਨਕੋਵੈਕਸ ਤਿਆਰ ਕੀਤੀ ਗਈ ਤੇ ਇਸ ਨੂੰ ਜੂਨ 2022 ਮਹੀਨੇ ਵਿੱਚ ਜਾਰੀ ਕੀਤਾ ਗਿਆ। ਇਹ ਵੈਕਸੀਨ ਕੁੱਤਿਆਂ, ਸ਼ੇਰਾਂ, ਚੀਤਿਆਂ, ਚੂਹਿਆਂ ਅਤੇ ਖਰਗੋਸ਼ਾਂ ਨੂੰ ਕੋਰੋਨਾ ਬਿਮਾਰੀ ਤੋਂ ਬਚਾਵੇਗੀ। ਇਹ ਵੈਕਸੀਨ ਕੋਰੋਨਾ ਵਾਇਰਸ ਦੇ ਡੈਲਟਾ ਅਤੇ ਉਮੀਕਰੋਨ ਵੈਰੀਅੰਟ ਲਈ ਵੀ ਅਸਰਦਾਰ ਹੈ।

## ਮੱਛੀ ਪਾਲਣ ਅਪਨਾਉ ... ਵਾਧੂ ਧੰਨ ਕਮਾਉ

| ਵੇਰਵਾ | ਕਾਰਪ ਮੱਛੀ ਪਾਲਣ | ਪੰਗਾਸ ਮੱਛੀ ਪਾਲਣ |
|---|---|---|
| ਪਾਲਣ ਅਨੁਕੂਲ ਸਮਾਂ | ਸਾਰਾ ਸਾਲ | ਮਾਰਚ/ਅਪ੍ਰੈਲ ਤੋਂ ਅਕਤੂਬਰ/ਨਵੰਬਰ |
| ਫਸਲ ਮਿਆਦ | 8–10 ਮਹੀਨੇ | 6–8 ਮਹੀਨੇ |
| ਉਤਪਾਦਕਤਾ/ਏਕੜ | 2–3 ਟਨ | 6–8 ਟਨ |
| ਸ਼ੁੱਧ ਮੁਨਾਫਾ/ਏਕੜ | 1.00–1.25 ਲੱਖ/ਸਾਲ | 2.0–2.5 ਲੱਖ/ਫਸਲ |








## ਖਾਰੇ ਪਾਣੀ ਵਾਲੇ ਇਲਾਕਿਆਂ ਲਈ ਵਰਦਾਨ – ਵੈਨਾਮੀ ਝੀਂਗਾ

| | |
|---|---|
| ਪਾਲਣ ਅਨੁਕੂਲ ਮੌਸਮ | ਮਾਰਚ/ਅਪ੍ਰੈਲ ਤੋਂ ਅਕਤੂਬਰ/ਨਵੰਬਰ |
| ਫਸਲ ਮਿਆਦ | 3–4 ਮਹੀਨੇ |
| ਉਤਪਾਦਕਤਾ/ਏਕੜ | 3–4 ਟਨ |
| ਸ਼ੁੱਧ ਮੁਨਾਫਾ/ਏਕੜ | 4.0–5.0 ਲੱਖ/ ਫ਼ਸਲ |








(ਡਾ. ਵਨੀਤਇੰਦਰ ਕੌਰ, ਡਾ. ਮੀਰਾ ਡੀ ਆਂਸਲ)

## ਪਸ਼ੂਆਂ ਵਿੱਚ ਉੱਭਰਦੀ ਹੋਈ ਬਿਮਾਰੀ: ਲੰਪੀ ਸਕਿੰਨ ਡਿਜ਼ੀਜ਼

ਲੰਪੀ ਸਕਿੱਨ ਡਿਜ਼ੀਜ਼ ਜਾਂ ਚਮੜੀ ਦੀਆਂ ਗੱਠਾਂ ਦੀ ਬਿਮਾਰੀ ਮੱਝਾਂ ਅਤੇ ਗਾਵਾਂ ਵਿੱਚ ਵਿਸ਼ਾਣੂ ਕਾਰਨ ਹੋਣ ਵਾਲੀ ਖਸਰੇ ਜਿਹੀ ਇੱਕ ਛੂਤ ਦੀ ਬਿਮਾਰੀ ਹੈ ਜੋ ਅੱਜ ਕੱਲ ਕਾਫੀ ਫੈਲੀ ਹੋਈ ਹੈ ਅਤੇ ਮਹਾਂਮਾਰੀ ਦਾ ਰੂਪ ਧਾਰਣ ਕਰ ਗਈ ਹੈ। ਇਹ ਬਿਮਾਰੀ ਇੱਕ ਪਸ਼ੂ ਤੋਂ ਦੂਜੇ ਨੂੰ ਸੰਪਰਕ ਰਾਹੀ ਫੈਲਦੀ ਹੈ। ਇਸ ਬਿਮਾਰੀ ਨੇ ਦੱਖਣ ਭਾਰਤ ਦੇ ਰਾਜਾਂ ਤੋਂ ਹੋ ਕੇ ਉੱਤਰੀ ਭਾਰਤ ਨੂੰ ਵੀ ਆਪਣੀ ਚਪੇਟ ਵਿਚ ਲੈ ਲਿਆ ਹੈ। ਮੱਛਰ, ਮੱਖੀਆਂ ਅਤੇ ਚਿੱਚੜ ਵੀ ਇਸ ਨੂੰ ਫੈਲਾਉਣ ਵਿਚ ਮਦਦਗਾਰ ਸਮਝੇ ਜਾਂਦੇ ਹਨ। ਇਹ ਬਿਮਾਰੀ ਜ਼ਿਆਦਾਤਰ ਗਰਮ ਅਤੇ ਹੁੰਮਸ ਵਾਲੇ ਮੌਸਮ ਵਿੱਚ ਹੁੰਦੀ ਹੈ। ਇਸ ਬਿਮਾਰੀ ਨਾਲ ਗ੍ਰਸਤ ਪਸ਼ੂ ਨੂੰ 2-3 ਦਿਨ ਲਈ ਹਲਕਾ ਬੁਖਾਰ ਹੁੰਦਾ ਹੈ, ਅਤੇ ਪੂਰੇ ਸਰੀਰ ਦੀ ਚਮੜੀ ਉੱਤੇ 2-5 ਸੈਂਟੀਮੀਟਰ ਦੀਆਂ ਸਖਤ ਗੱਠਾਂ ਉੱਭਰ ਆਉਂਦੀਆਂ ਹਨ। ਇਹਨਾਂ ਗੱਠਾਂ ਵਿੱਚੋਂ ਦੁੱਧੀਆ ਪੀਲੀ ਪੀਕ ਨਿਕਲਦੀ ਹੈ ਜਾਂ ਫਿਰ ਇਹ ਚਮੜੀ ਗਲ ਜਾਂਦੀ ਹੈ ਅਤੇ ਇਥੇ ਇੰਨਫੈਕਸ਼ਨ ਹੋ ਜਾਂਦੀ ਹੈ। ਜਿਸ ਕਾਰਨ ਪਸ਼ੂ ਨੂੰ ਤਕਲੀਫ ਹੁੰਦੀ ਹੈ ਅਤੇ ਪਸ਼ੂ ਬਹੁਤ ਕਮਜ਼ੋਰ ਹੋ ਜਾਂਦਾ ਹੈ। ਇਸ ਬਿਮਾਰੀ ਦੇ ਲੱਛਣ ਜਨੇਊ ਜਾ ਹਰਪੀਜ਼ ਚਮੜੀ ਦੀ ਬਿਮਾਰੀ ਨਾਲ ਮਿਲਦੇ ਹਨ ਅਤੇ ਟੈਸਟਾ ਰਾਹੀਂ ਇਹਨਾ ਦਾ ਪਤਾ ਲਗਾਇਆ ਜਾ ਸਕਦਾ ਹੈ।ਇਸ ਦੇ ਨਾਲ ਕਈ ਤਰ੍ਹਾਂ ਦੀਆਂ ਹੋਰ ਨਿਸ਼ਾਨੀਆਂ ਜਿਵੇ ਕਿ ਮੂੰਹ, ਸਾਹ ਨਾਲੀ ਮਿਹਦੇ ਅਤੇ ਪ੍ਰਜ਼ਣਨ ਅੰਗਾਂ ਵਿੱਚ ਜ਼ਖਮ, ਕਮਜ਼ੋਰੀ, ਲਿੰਫਨੋਡਜ਼ (ਰੱਖਿਆ ਪ੍ਰਣਾਲੀ ਦਾ ਹਿੱਸਾ) ਦੀ ਸੋਜ਼ਿਸ, ਲੱਤਾਂ ਵਿੱਚ ਪਾਣੀ ਭਰਨਾ, ਦੁੱਧ ਵਿੱਚ ਕਮੀ, ਬੱਚਾ ਸੁੱਟਣਾ, ਪਸ਼ੂ ਦਾ ਬਾਂਝ ਹੋਣਾ ਅਤੇ ਕਿਸੇ ਕਿਸੇ ਪਸ਼ੂ ਦੀ ਮੌਤ ਆਦਿ ਵੀ ਹੋ ਸਕਦੀਆਂ ਹਨ। ਹਾਲਾਂਕਿ ਬਿਮਾਰ ਪਸ਼ੂ 2-3 ਹਫ਼ਤਿਆਂ ਵਿੱਚ ਠੀਕ ਹੋ ਜਾਂਦਾ ਹੈ, ਪਰ ਦੁੱਧ ਦੀ ਪੈਦਾਵਾਰ ਕਾਫੀ ਸਮੇਂ ਤੱਕ ਘਟੀ ਰਹਿੰਦੀ ਹੈ ਅਤੇ 1-5 ਫੀਸਦੀ ਪਸ਼ੂਆਂ ਦੀ ਮੌਤ ਵੀ ਹੋ ਜਾਂਦੀ ਹੈ।

**ਪਸ਼ੂਆਂ ਨੂੰ ਬਿਮਾਰੀ ਤੋਂ ਬਚਾਉਣ ਦੇ ਤਰੀਕੇ:**

ਬਿਮਾਰੀ ਤੋਂ ਬਚਾਅ ਲਈ ਗੋਟ ਪੌਕਸ (ਮਾਤਾ) ਵੈਕਸੀਨ ਨਾਲ ਮੱਝਾ ਅਤੇ ਗਾਵਾਂ ਦਾ ਟੀਕਾਕਰਨ ਕਰਨਾ ਚਾਹੀਦਾ ਹੈ। ਬਿਮਾਰ ਪਸ਼ੂਆਂ ਨੂੰ ਤੰਦਰੁਸਤ ਪਸ਼ੂਆਂ ਤੋਂ ਅਲੱਗ ਕਰ ਦਿਉ ਅਤੇ ਬਾਕੀ ਪਸ਼ੂਆਂ ਨੂੰ ਉਸਦੇ ਸਪੰਰਕ ਵਿੱਚ ਨਾ ਆਉਣ ਦਿਉ। ਮੇਲੇ, ਮੰਡੀਆਂ ਜਾਂ ਪਸ਼ੂ ਮੁਕਾਬਲਿਆਂ ਵਿੱਚ ਪਸ਼ੂਆਂ ਨੂੰ ਲਿਜਾਣ ਤੋਂ ਪਰਹੇਜ਼ ਕਰੋ ਅਤੇ ਬਿਮਾਰੀ ਦੇ ਲੱਛਣ ਦਰਸਾਉਣ ਵਾਲੇ ਪਸ਼ੂਆਂ ਨੂੰ ਨਾ ਖਰੀਦੋ। ਪਸ਼ੂ ਪਾਲਕ ਜਾਂ ਕਾਮੇ ਇੱਕ ਹੀ ਫ਼ਾਰਮ ਤੇ ਕੰਮ ਕਰਨ ਅਤੇ ਅਲੱਗ-ਅੱਲਗ ਫ਼ਾਰਮਾਂ ਤੇ ਨਾ ਜਾਣ ਅਤੇ ਖਾਸ ਤੌਰ ਤੇ ਆਪਣੇ ਸਰੀਰ ਦੀ ਸਫਾਈ ਵੱਲ ਧਿਆਨ ਦੇਣ। ਜਿਹੜੇ ਸਾਨ੍ਹ ਇਸ ਬਿਮਾਰੀ ਤੋਂ ਉੱਭਰ ਗਏ ਹੋਣ, ਉਹਨਾਂ ਦੇ ਖ਼ੂਨ ਅਤੇ ਵੀਰਜ ਦੀ ਲੈਬੋਰੈਟਰੀ ਵਿੱਚ ਗਹਿਰੀ ਜਾਂਚ ਕਰਨੀ ਚਾਹੀਦੀ ਹੈ। ਜੇ ਜਾਂਚ ਦੇ ਨਤੀਜੇ ਠੀਕ ਹੋਣ ਤਾਂ ਉਸ ਤੋਂ ਬਾਅਦ ਹੀ ਇਹਨਾਂ ਦੇ ਵੀਰਜ ਦੇ ਟੀਕੇ ਬਣਾਉਣੇ ਚਾਹੀਦੇ ਹਨ।

**ਇਲਾਜ ਸਬੰਧੀ ਧਿਆਨ ਦੇਣ ਯੋਗ ਗੱਲਾਂ:**

ਇਲਾਜ ਕਰਨ ਲਈ ਮਾਹਿਰ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ ਅਤੇ ਬਿਮਾਰ ਪਸ਼ੂਆਂ ਨੂੰ ਇਲਾਜ ਦੌਰਾਨ ਅੱਲਗ ਕਰਕੇ ਰੱਖਣਾ ਚਾਹੀਦਾ ਹੈ। ਬਿਮਾਰ ਜਾਨਵਰਾਂ ਦੇ ਇਲਾਜ ਵਿੱਚ ਲੋੜ ਅਨੁਸਾਰ ਐਂਟੀਬਾਇਉਟਿਕ ਦਵਾਈਆਂ ਖਾਸ ਕਰਕੇ ਸਲਫਾ ਸਮੂਹ ਦੀਆਂ ਦਵਾਈਆ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਬੁਖਾਰ ਘਟਾਉਣ ਦੀ ਦਵਾਈ ਦਿੱਤੀ ਜਾ ਸਕਦੀ ਹੈ। ਜੇਕਰ ਪਸ਼ੁ ਦੇ ਸਰੀਰ *ਤੇ ਜ਼ਖਮ ਹੋਣ ਤਾਂ ਮੱਲ੍ਹਮ ਲਗਾਉਣੀ ਚਾਹੀਦੀ ਹੈ। ਇਸ ਤੋਂ ਇਲਾਵਾ ਜਖਮਾਂ ਨੂੰ ਭਰਨ ਲਈ ਪਸ਼ੂ ਨੂੰ ਵਿਟਾਮਿਨ ਦੀ ਖੁਰਾਕ ਦੇਣੀ ਚਾਹੀਦੀ ਹੈ। ਪਸ਼ੂਆਂ ਨੂੰ ਨਰਮ ਚਾਰਾ ਅਤੇ ਅਸਾਨੀ ਨਾਲ ਹਜ਼ਮ ਹੋਣ ਵਾਲੀ ਵੰਡ ਦੇਣੀ ਚਾਹੀਦੀ ਹੈ।

(ਡਾ. ਅਸ਼ਵਨੀ ਕੁਮਾਰ)

## ਬਰਸਾਤਾਂ ਵਿੱਚ ਪਸ਼ੂਆਂ ਦਾ ਮੱਖੀਆਂ ਅਤੇ ਮੱਛਰਾਂ ਤੋਂ ਬਚਾਓ

ਬਰਸਾਤੀ ਰੁੱਤ ਵਿੱਚ ਸਹੀ ਨਮੀ ਤੇ ਉਚਿੱਤ ਤਾਪਮਾਨ ਮਿਲਣ ਕਰਕੇ ਪਸ਼ੂਆਂ ਤੇ ਮੱਖੀਆਂ ਅਤੇ ਮੱਛਰਾਂ ਦੀ ਭਰਮਾਰ ਹੋ ਜਾਂਦੀ ਹੈ। ਮੱਖੀਆਂ ਉਨ੍ਹਾਂ ਜਗ੍ਹਾ ਤੇ ਜ਼ਿਆਦਾ ਹੁੰਦੀਆਂ ਹਨ ਜਿੱਥੇ ਕਿ ਸਾਫ-ਸਫਾਈ ਦੀ ਘਾਟ ਹੋਵੇ।

ਮੱਛਰ ਆਮ ਕਰਕੇ ਖੜ੍ਹੇ ਪਾਣੀ ਦੇ ਸਰੋਤਾਂ ਕੋਲ ਵੱਧਦੇ-ਫੁੱਲਦੇ ਹਨ ਜੋ ਕਿ ਇੰਨ੍ਹਾਂ ਦੇ ਜੀਵਨ ਕਾਲ ਨੂੰ ਪੂਰਾ ਕਰਨ ਲਈ ਜ਼ਰੂਰੀ ਹੁੰਦਾ ਹੈ।

ਮੱਖੀਆਂ ਪਸ਼ੂਆਂ ਨੂੰ ਕੱਟਦੀਆਂ-ਵੱਢਦੀਆਂ ਹਨ ਜਿਸ ਕਾਰਨ ਪਸ਼ੂਆਂ ਵਿੱਚ ਚਿੜਚਿੜਾਹਟ ਜਾਂ ਉਨੀਂਦਰਾ ਹੋ ਜਾਂਦਾ ਹੈ। ਇਸ ਕਰਕੇ ਪਸ਼ੂ ਵਾਰ-ਵਾਰ ਆਪਣੇ ਪੈਰ ਜ਼ਮੀਨ ਤੇ ਪਟਕਦਾ ਹੈ ਤੇ ਬਚਾਓ ਲਈ ਆਪਣੀ ਪੂਛ ਨੂੰ ਹਿਲਾਉਂਦਾ ਰਹਿੰਦਾ ਹੈ। ਇਸ ਕਰਕੇ ਪਸ਼ੂ ਰੱਜਵੀਂ ਖੁਰਾਕ ਨਹੀਂ ਲੈ ਪਾਉਂਦਾ, ਉਸਦਾ ਸਰੀਰਕ ਭਾਰ ਘਟ ਜਾਂਦਾ ਹੈ ਅਤੇ ਉਤਪਾਦਨ ਸਮਰੱਥਾ ਘੱਟਣੀ ਸ਼ੁਰੂ ਹੋ ਜਾਂਦੀ ਹੈ।

ਮੱਛਰ ਵੀ ਪਸ਼ੂਆਂ ਦਾ ਖ਼ੂਨ ਚੂਸਦੇ ਹਨ ਤੇ ਬਹੁਸੰਖਿਆਂ 'ਚ ਹੋਣ ਤੇ ਪਸ਼ੂ ਨੂੰ ਖ਼ੂਨ ਨਾਲ ਲੱਥ-ਪੱਥ ਕਰ ਦਿੰਦੇ ਹਨ, ਜਦੋਂ ਪਸ਼ੂ ਫਰਸ਼ ਤੇ ਬੈਠਦਾ ਹੈ ਤਾਂ ਖ਼ੂਨ ਨਾਲ ਲਿਬੜਿਆ ਫ਼ਰਸ਼ ਆਮ ਤੌਰ ਤੇ ਦੇਖਿਆ ਜਾ ਸਕਦਾ ਹੈ। ਮੱਛਰ ਵੀ ਮੱਖੀਆਂ ਵਾਂਗ ਪਸ਼ੂਆਂ ਦਾ ਖ਼ੂਨ ਚੂਸਣ ਦੇ ਨਾਲ ਨਾਲ ਵਿਸ਼ਾਣੂੰ ਤੇ ਪਰਜੀਵੀ ਰੋਗ ਫੈਲਾਉਂਦੇ ਹਨ।

**ਪਸ਼ੂ-ਪਾਲਕ ਮੱਖੀਆਂ ਅਤੇ ਮੱਛਰਾਂ ਤੋਂ ਬਚਾਓ ਲਈ ਹੇਠ ਲਿਖੇ ਨੁਕਤੇ ਅਪਨਾ ਸਕਦੇ ਹਨ:**

- ਮੱਖੀਆਂ-ਮੱਛਰਾਂ ਤੋਂ ਬਚਾਅ ਲਈ ਸ਼ੈੱਡਾਂ ਤੇ ਆਲੇ-ਦੁਆਲੇ ਦੀ ਸਫਾਈ ਵੱਲ ਵਿਸ਼ੇਸ਼ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ।
- ਸ਼ੈੱਡਾਂ ਵਿੱਚ ਗੋਹੇ ਨੂੰ ਦੇਰ ਤੱਕ ਨਹੀਂ ਰਹਿਣ ਦੇਣਾ ਚਾਹੀਦਾ ਤੇ ਸਮੇਂ-ਸਮੇਂ ਤੇ ਗੋਹੇ ਨੂੰ ਇਕੱਠਾ ਕਰਕੇ ਕਿਸੇ ਡੂੰਘੇ ਟੋਏ ਵਿੱਚ ਪਾ ਕੇ ਦੱਬ ਦੇਣਾ ਦੇਣਾ ਚਾਹੀਦਾ ਹੈ, ਜਿਸ ਨੂੰ ਬਾਅਦ ਵਿੱਚ ਖਾਦ ਦੇ ਰੂਪ ਵਿੱਚ ਵਰਤਿਆ ਜਾ ਸਕਦਾ ਹੈ। ਜੇਕਰ ਆਸ-ਪਾਸ ਕੋਈ ਗੋਬਰ ਗੈਸ ਪਲਾਂਟ ਹੋਵੇ ਤਾਂ ਗੋਹੇ ਨੂੰ ਉੱਥੇ ਪਹੁੰਚਾਉਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।
- ਖੁਰਲੀਆਂ ਵਿੱਚ ਗਿੱਲੇ ਪੱਠੇ ਬਹੁਤੇ ਸਮੇਂ ਤੱਕ ਨਹੀਂ ਰਹਿਣ ਦੇਣੇ ਚਾਹੀਦੇ।
- ਸ਼ੈੱਡ ਵਿੱਚ ਜਾਲੀਆਂ ਦੀ ਵਰਤੋਂ ਕਰਕੇ ਵੀ ਮੱਖੀਆਂ-ਮੱਛਰਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।
- ਮੱਖੀਆਂ-ਮੱਛਰ ਮਾਰਨ ਵਾਲੇ ਬਿਜਲਈ ਯੰਤਰਾਂ ਦੀ ਵਰਤੋਂ ਅਤੇ ਕੰਨ ਤੇ ਗਰਦਨ ਦੁਆਲੇ ਕੀਟਨਾਸ਼ਕ ਟੈਗਾਂ ਦਾ ਇਸਤੇਮਾਲ ਵੀ ਕੀਤਾ ਜਾ ਸਕਦਾ ਹੈ।
- ਬਜ਼ਾਰ ਵਿੱਚ ਕੋਈ ਵੀ ਉਪਲੱਬਧ ਕੀਟਨਾਸ਼ਕ ਰੱਸੀਆਂ ਦਾ ਇਸਤੇਮਾਲ ਡਾਕਟਰੀ ਸਲਾਹ ਅਨੁਸਾਰ ਕੀਤਾ ਜਾ ਸਕਦਾ ਹੈ। ਪਸ਼ੂ-ਪਾਲਕਾਂ ਨੂੰ ਮੱਖੀਆਂ-ਮੱਛਰ ਮਾਰਨ ਲਈ ਧੂੰਆਂ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਕਿਉਂਕਿ ਇਸ ਨਾਲ ਵਾਤਾਵਰਣ ਤਾਂ ਪ੍ਰਦੂਸ਼ਿਤ ਹੁੰਦਾ ਹੀ ਹੈ ਪਰ ਪਸ਼ੂਆਂ ਤੇ ਕਾਮਿਆਂ ਨੂੰ ਅੱਖਾਂ 'ਚ ਜਲਣ ਤੇ ਸਾਹ ਰੋਗ ਦੀ ਸਮੱਸਿਆ ਹੋ ਸਕਦੀ ਹੈ।
- ਮੱਛਰਾਂ ਨੂੰ ਵੱਧਣ ਫੁੱਲਣ ਤੋਂ ਰੋਕਣ ਲਈ ਇੰਨ੍ਹਾਂ ਦੀਆਂ ਪ੍ਰਜਨਣ ਥਾਵਾਂ ਤੇ ਮਿੱਟੀ ਦੇ ਤੇਲ ਦਾ ਛਿੜਕਾਅ, ਪਾਣੀ ਖੜ੍ਹਾ ਨਾ ਹੋਣ ਦੇਣਾ, ਛੋਟੇ-ਮੋਟੇ ਟੋਏ/ਟਿੱਬਿਆਂ ਨੂੰ ਮਿੱਟੀ ਨਾਲ ਭਰ ਦੇਣਾ, ਛੱਪੜਾਂ ਜਾਂ ਉੱਥਲੇ ਪਾਣੀ ਦੀਆਂ ਥਾਵਾਂ ਤੇ ਬੂਟੀ ਨਾ ਉੱਗਣ ਦੇਣਾ ਅਤੇ ਝੀਲਾਂ, ਛੱਪੜਾਂ, ਤੇ ਤਲਾਬਾਂ ਵਿੱਚ ਮੱਛੀ ਪਾਲਣ ਨੂੰ ਵੀ ਅਪਨਾਇਆ ਜਾ ਸਕਦਾ ਹੈ।

(ਡਾ. ਹਰਕੀਰਤ ਅਤੇ ਡਾ. ਜੋਤੀ)

## ਸ਼ੁੱਧ ਦੁੱਧ ਅਪਨਾਉ, ਦੁੱਧ ਦੀ ਜਾਂਚ ਕਰਵਾਉ

ਦੁੱਧ ਮਨੁੱਖੀ ਜੀਵਨ ਦਾ ਉਹ ਪਹਿਲਾ ਭੋਜਨ ਹੈ ਜੋ ਬੱਚਾ ਜਨਮ ਤੋਂ ਬਾਅਦ ਲੈਂਦਾ ਹੈ ਅਤੇ ਮੁੜ ਜੀਵਨ ਭਰ ਉਸਦੀ ਖੁਰਾਕ ਦਾ ਹਿੱਸਾ ਰਹਿੰਦਾ ਹੈ। ਦੁੱਧ ਇਕ ਸੰਪੂਰਣ ਅਤੇ ਸੰਤੁਲਿਤ ਖੁਰਾਕ ਹੈ, ਇਸ ਲਈ ਦੁੱਧ ਦਾ ਸ਼ੁੱਧ ਹੋਣਾ ਬਹੁਤ ਜ਼ਰੂਰੀ ਹੈ। ਕੁਝ ਮੁਨਾਫ਼ਾਖੋਰ ਲੋਕਾਂ ਵਲੋਂ ਦੁੱਧ ਦੀ ਮਾਤਰਾ ਵਧਾਉਣ, ਦੁੱਧ ਨੂੰ ਵਧੇਰੇ ਸਮੇਂ ਲਈ ਵਰਤੋਂ ਯੋਗ ਰੱਖਣ ਅਤੇ ਖੱਟੇ ਹੋਣ ਤੋਂ ਬਚਾਉਣ ਲਈ ਪਾਣੀ, ਗੁਲੂਕੋਜ਼, ਖ਼ੰਡ, ਸਟਾਰਚ, ਕਣਕ ਦਾ ਆਟਾ, ਆਮ ਨਮਕ, ਬੇਕਿੰਗ ਸੋਡਾ, ਕਪੜੇ ਧੋਣ ਵਾਲਾ ਸੋਡਾ, ਯੂਰੀਆ, ਹਾਈਡ੍ਰੋਜਨ ਪਰਆਕਸਾਈਡ ਅਤੇ ਫਾਰਮਲਿਨ ਆਦਿ ਦੀ ਵਰਤੋਂ ਕਰਕੇ ਦੁੱਧ ਵਿੱਚ ਮਿਲਾਵਟ ਕਰਦੇ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਮਿਲਾਵਟੀ ਤੱਤ ਸਰੀਰ ਲਈ ਹਾਨੀਕਾਰਕ ਹਨ। ਇਸ ਲਈ ਦੁੱਧ ਵਿੱਚ ਮਿਲਾਵਟ ਬਾਰੇ ਜਾਗਰੂਕਤਾ ਪੈਦਾ ਕਰਨਾ ਬਹੁਤ ਜਰੂਰੀ ਹੈ।

ਕਾਲਜ ਆਫ਼ ਡੇਅਰੀ ਸਾਇੰਸ ਅਤੇ ਤਕਨਾਲੋਜੀ, ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਸਮੇਂ ਸਮੇਂ ਸਿਰ“ਦੁੱਧ ਵਿੱਚ ਮਿਲਾਵਟ ਦੀ ਜਾਂਚ ਸੰਬੰਧੀ ਮੁਫ਼ਤ ਕੈਂਪ” ਦਾ ਆਯੋਜਨ ਕਰਦਾ ਹੈ। ਇਹਨਾਂ ਕੈਂਪਾਂ ਦਾ ਮੁੱਖ ਉਦੇਸ਼ ਲੋਕਾਂ ਨੂੰ ਦੁੱਧ ਵਿੱਚ ਮਿਲਾਵਟ ਸੰਬੰਧੀ ਜਾਗਰੂਕ ਕਰਨਾ ਹੈ।ਪੰਜਾਬ ਦੇ ਦੁੱਧ ਦੇ ਖਪਤਕਾਰ ਸਾਫ਼ ਅਤੇ ਸੁੱਕੀਆਂ ਕੱਚ ਜਾਂ ਪਲਾਸਟਿਕ ਦੀਆਂ ਬੋਤਲਾਂ ਵਿੱਚ ਘੱਟੋ-ਘੱਟ 100 ਮਿਲੀਲੀਟਰ ਕੱਚੇ ਦੁੱਧ ਦੇ ਠੰਡੇ ਕੀਤੇ ਹੋਏ ਨਮੂਨੇ ਕਾਲਜ ਵਿੱਚ ਲਿਆ ਸਕਦੇ ਹਨ। ਦੁੱਧ ਦੇ ਨਮੂਨੇ ਦੀਆਂ ਬੋਤਲਾਂ ਤੇ ਵਿਅਕਤੀ ਦਾ ਨਾਮ ਅਤੇ ਸੰਪਰਕ ਨੰਬਰ ਲਿਖਿਆ ਹੋਣਾ ਚਾਹੀਦਾ ਹੈ। ਦੁੱਧ ਦੇ ਨਮੂਨਿਆਂ ਦਾ ਕਾਲਜ ਵਿਖੇ ਵਿਸ਼ਲੇਸ਼ਣ ਕੀਤਾ ਜਾਵੇਗਾ ਅਤੇ ਦੁੱਧ ਦੀ ਗੁਣਵੱਤਾ ਦੇ ਨਤੀਜੇ ਅਗਲੇ ਦਿਨ ਵਟਸਐਪ ਜਾਂ ਟੈਕਸਟ ਮੈਸੇਜ ਰਾਹੀਂ ਦੱਸੇ ਜਾਣਗੇ।

ਇਸ ਤੋਂ ਇਲਾਵਾ ਕਾਲਜ ਆਫ਼ ਡੇਅਰੀ ਸਾਇੰਸ ਅਤੇ ਤਕਨਾਲੋਜੀ, ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਕੋਲ ਦੁੱਧ ਵਿੱਚ ਮਿਲਾਵਟ ਦੀ ਜਾਂਚ ਕਰਨ ਵਾਲੀਆਂ ਕਿੱਟਾਂ ਵੀ ਹਨ, ਜੋ ਕਿ ਘਰ ਵਿੱਚ ਇਸਤੇਮਾਲ ਕਰਕੇ ਦੁੱਧ ਦੇ ਸ਼ੁੱਧ ਹੋਣ ਦੀ ਜਾਂਚ ਕੀਤੀ ਜਾ ਸਕਦੀ ਹੈ। ਛੋਟੀ ਕਿੱਟ ਪੰਜ ਮਿਲਾਵਟੀ ਤੱਤਾਂ ਦੀ ਜਾਂਚ ਕਰਦੀ ਹੈ ਅਤੇ ਇੱਕ ਕਿੱਟ ਵਿੱਚ 40 ਸੈਂਪਲ ਚੈੱਕ ਕੀਤੇ ਜਾ ਸਕਦੇ ਹਨ। ਵੱਡੀ ਕਿੱਟ ਦੱਸ ਮਿਲਾਵਟੀ ਤੱਤਾਂ ਦੀ ਜਾਂਚ ਕਰਦੀ ਹੈ ਅਤੇ ਇੱਕ ਕਿੱਟ ਵਿੱਚ 50 ਸੈਂਪਲ ਚੈੱਕ ਕੀਤੇ ਜਾ ਸਕਦੇ ਹਨ।







(ਡਾ. ਇੰਦਰਪ੍ਰੀਤ ਕੌਰ)

## ਪਸ਼ੂਆਂ ਦੀ ਓਝਰੀ ਸਬੰਧੀ ਜਾਣਕਾਰੀ

ਉਗਾਲੀ ਕਰਨ ਵਾਲੇ ਪਸ਼ੂਆਂ (ਮੱਝ, ਗਾਂ, ਭੇਡ, ਬੱਕਰੀ ਆਦਿ) ਦੇ ਢਿੱਡ ਦੇ ਚਾਰ ਹਿੱਸੇ ਹੁੰਦੇ ਹਨ। ਇਹਨਾਂ ਵਿਚੋਂ ਸਭ ਤੋਂ ਵੱਡਾ ਹਿੱਸਾ ਹੁੰਦਾ ਹੈ-ਓਝਰੀ।

1. ਓਝਰੀ ਦਾ ਵਜ਼ਨ ਲਵੇਰੀ ਦੇ ਸਰੀਰ ਦਾ ਲੱਗਭਗ 1/7- 1/10ਵਾਂ ਹਿੱਸਾ ਹੁੰਦਾ ਹੈ।

2. ਲਵੇਰੀਆਂ ਦੀ ਓਝਰੀ ਦਾ ਤਾਪਮਾਨ 38-40 °C ਹੁੰਦਾ ਹੈ ਜਦਕਿ ਉਹਨਾਂ ਦਾ ਸਰੀਰਕ ਤਾਪਮਾਨ 101 °F ਹੁੰਦਾ ਹੈ।

3. ਓਝਰੀ ਦੇ ਅੰਦਰੂਨੀ ਵਾਤਾਵਰਣ ਵਿਚ ਕੋਈ ਆਕਸੀਜਨ ਨਹੀਂ ਹੁੰਦੀ ਯਾਨੀ ਕਿ ਇਸ ਅੰਦਰ ਹੋਣ ਵਾਲੀਆਂ ਸਾਰੀਆਂ ਕਿਰਿਆਵਾਂ ਆਕਸੀਜਨ ਦੀ ਅਣਹੋਂਦ ਵਿਚ ਹੀ ਨੇਪਰੇ ਚੜਦੀਆਂ ਹਨ।

4. ਓਝਰੀ ਵਿਚ ਮੌਜੂਦ ਮਾਦਾ ਹਲਕਾ ਜਿਹਾ ਤੇਜ਼ਾਬੀ ਹੁੰਦਾ ਹੈ ਯਾਨੀ ਕਿ ਇਸਦੀ pH 6.7 ਹੁੰਦੀ ਹੈ।

5. ਓਝਰੀ ਵਿਚ ਕਰੋੜਾਂ ਦੀ ਗਿਣਤੀ ਵਿਚ ਵੱਖ ਵੱਖ ਕਿਸਮ ਦੇ ਜਰਾਸੀਮ ਹੁੰਦੇ ਹਨ ਜੋ ਕਿ ਪੱਠਿਆਂ ਨੂੰ ਹਜ਼ਮ ਕਰਨ ਵਿਚ ਮੱਦਦ ਕਰਦੇ ਹਨ। ਇਹ ਸਾਰੇ ਜਰਾਸੀਮ ਆਕਸੀਜਨ ਦੀ ਅਣਹੋਂਦ ਵਿਚ ਅਤੇ ਖਾਸ ਤਾਪਮਾਨ ਉੱਪਰ ਹੀ ਜ਼ਿੰਦਾ ਰਹਿ ਸਕਦੇ ਹਨ।ਲਵੇਰੀ ਜਦੋਂ ਪਾਣੀ ਪੀਂਦੀ ਹੈ ਤਾਂ ਓਝਰੀ ਦਾ ਅੰਦਰੂਨੀ ਤਾਪਮਾਨ ਘੱਟ ਜਾਂਦਾ ਹੈ। ਇਹਨਾਂ ਜਰਾਸੀਮ ਵਿਚ ਇਸ ਘਟੇ ਹੋਏ ਤਾਪਮਾਨ ਨੂੰ ਸਹਿਣ ਕਰਨ ਦੀ ਸ਼ਕਤੀ ਹੁੰਦੀ ਹੈ।

6. ਜਰਾਸੀਮ ਦੁਆਰਾ ਪੱਠਿਆਂ ਨੂੰ ਹਜ਼ਮ ਕਰਨ ਉਪਰੰਤ ਬਹੁੱਤ ਜਿਆਦਾ ਮਾਤਰਾ ਵਿਚ ਤਿੰਨ ਕਿਸਮ ਦੇ ਉੜਨਸ਼ੀਲ ਤੇਜ਼ਾਬ ਪੈਦਾ ਹੁੰਦੇ ਹਨ। ਇਹਨਾਂ ਤੇਜ਼ਾਬਾਂ ਦੀ ਬਦੌਲਤ ਓਝਰੀ ਦੀ pH ਕਾਫੀ ਘੱਟ ਜਾਂਦੀ ਹੈ।ਜਦੋਂ ਲਵੇਰੀ ਉਗਾਲੀ ਕਰਦੀ ਹੈ ਤਾਂ ਬਹੁੱਤ ਜਿਆਦਾ ਮਾਤਰਾ ਵਿਚ ਥੁੱਕ ਪੈਦਾ ਹੁੰਦਾ ਹੈ।ਇਸ ਥੁੱਕ ਵਿਚ ਮਿੱਠਾ ਸੋਢਾ ਹੁੰਦਾ ਹੈ ਜੋ ਕਿ ਓਝਰੀ ਦੀ ਘਟੀ ਹੋਈ pH ਨੂੰ ਫਿਰ ਵਧਾ ਦਿੰਦਾ ਹੈ।

7. ਓਝਰੀ 'ਚ ਪੈਦਾ ਹੋਏ ਉੜਨਸ਼ੀਲ ਤੇਜ਼ਾਬ ਖੂਨ ਵਿਚ ਜ਼ਜ਼ਬ ਹੋਣ ਉਪਰੰਤ ਲਵੇਰੀ ਦੀਆਂ ਵੱਖ ਵੱਖ ਲੋੜਾਂ ਲਈ ਵਰਤੇ ਜਾਂਦੇ ਹਨ।

8. ਓਝਰੀ ਅੰਦਰ ਮੌਜੂਦ ਮਾਸਪੇਸ਼ੀਆਂ ਦੀ ਹਰਕਤ ਕਾਰਣ ਇਹ ਲੱਗਭਗ ਹਰੇਕ ਮਿੰਟ ਸੁੰਗੜਦੀ ਰਹਿੰਦੀ ਹੈ।ਇਸ ਸੁੰਗੜਨ ਵਾਲੀ ਕਿਰਿਆ ਕਾਰਣ ਇਸ ਵਿਚ ਮੌਜੂਦ ਪੱਠੇ, ਜਰਾਸੀਮ, ਤੇਜ਼ਾਬ, ਥੁੱਕ ਅਤੇ ਹੋਰ ਮਾਦਾ ਆਪਸ ਵਿਚ ਚੰਗੀ ਤਰ੍ਹਾਂ ਰਲ ਜਾਂਦੇ ਹਨ।

9. ਜਿਆਦਾ ਮਾਤਰਾ ਵਿਚ ਆਨਾਜ, ਗੁੜ, ਸੇਬ ਆਦਿ ਖਾਣ ਨਾਲ ਬਹੁਤ ਜਿਆਦਾ ਮਾਤਰਾ ਵਿਚ ਤੇਜ਼ਾਬ ਬਣਦਾ ਹੈ। ਇਹ ਸਾਰਾ ਤੇਜ਼ਾਬ ਖੂੰਨ ਵਿਚ ਜ਼ਜ਼ਬ ਨਹੀਂ ਹੋ ਪਾਂਦਾ। ਸਿੱਟੇ ਵਜੋਂ ਇਹ ਓਝਰੀ ਵਿਚ ਹੀ ਇਕੱਠਾ ਹੋਈ ਜਾਂਦਾ ਹੈ। ਇਸ ਤੇਜ਼ਾਬ ਦੀ ਬਦੌਲਤ ਲਵੇਰੀ ਬਦਹਜ਼ਮੀ ਦਾ ਸ਼ਿਕਾਰ ਹੋ ਜਾਂਦੀ ਹੈ।ਓਝਰੀ ਦੀ ਹਲਚੱਲ ਖਤਮ ਹੋ ਜਾਂਦੀ ਹੈ ਅਤੇ ਲਵੇਰੀ ਪੱਠੇ ਖਾਣਾ ਘਟਾ ਦਿੰਦੀ ਹੈ ਜਾਂ ਬਿਲਕੁੱਲ ਹੀ ਨਹੀਂ ਖਾਂਦੀ। ਸ਼ੁਰੂ ਵਿਚ ਮੋਕ ਅਤੇ ਬਾਅਦ ਵਿਚ ਅਕਸਰ ਸੁੱਡਾ ਪੈ ਜਾਂਦਾ ਹੈ।

(ਡਾ. ਰਕੇਸ਼ ਕੁਮਾਰ ਸ਼ਰਮਾ)

## ਸ਼ੇਰਾਂ ਬਾਰੇ ਵਿਲੱਖਣ ਤੱਥ

'ਜਾਨਵਰਾਂ ਦੇ ਰਾਜੇ' ਜਾਂ 'ਜੰਗਲ ਦੇ ਰਾਜੇ' ਵਜੋਂ ਜਾਣੇ ਜਾਂਦੇ ਸ਼ੇਰ, ਬਾਘ ਤੋਂ ਬਾਅਦ ਦੁਨੀਆ ਦੀਆਂ ਦੂਜੀਆਂ ਸਭ ਤੋਂ ਵੱਡੀਆਂ ਬਿੱਲੀਆਂ ਹਨ। ਇਹ ਸ਼ਾਹੀ ਜਾਨਵਰ ਕਦੇ ਅਫਰੀਕਾ, ਏਸ਼ੀਆ ਅਤੇ ਯੂਰਪ ਵਿੱਚ ਘੁੰਮਦੇ ਸਨ, ਪਰ ਹੁਣ ਸਿਰਫ ਅਫਰੀਕਾ ਅਤੇ ਭਾਰਤ ਦੇ ਕੁਝ ਹਿੱਸਿਆਂ ਵਿੱਚ ਰਹਿੰਦੇ ਹਨ।ਮਾਹਿਰਾਂ ਨੇ ਲੰਬੇ ਸਮੇਂ ਤੋਂ ਸ਼ੇਰ ਦੀਆਂ ਦੋ ਉਪ-ਜਾਤੀਆਂ, ਪੈਂਥੇਰਾ ਲੀਉ ਲੀਉ (ਅਫਰੀਕਨ ਸ਼ੇਰ) ਅਤੇ ਪੈਂਥੇਰਾ ਲੀਉ ਪਰਸਿਕਾ (ਏਸ਼ੀਆਟਿਕ ਸ਼ੇਰ) ਨੂੰ ਮਾਨਤਾ ਦਿੱਤੀ ਹੈ।'ਇੰਟਰਨੈਸ਼ਨਲ ਯੂਨੀਅਨ ਫਾਰ ਕੰਜਰਵੇਸ਼ਨ ਆਫ ਨੇਚਰ (IUCN)' ਦੇ ਇਕ ਹਿੱਸੇ 'ਕੈਟ ਸਪੈਸ਼ਲਿਸਟ ਗਰੁੱਪ' ਨੇ ਹਾਲ ਹੀ ਦੇ ਅਧਿਐਨਾਂ ਤੋਂ ਪਤਾ ਲਗਾਇਆ ਹੈ ਕਿ ਪੱਛਮੀ ਅਤੇ ਮੱਧ ਅਫਰੀਕਾ ਦੇ ਸ਼ੇਰ, ਪੂਰਬੀ ਅਤੇ ਦੱਖਣੀ ਅਫਰੀਕਾ ਦੇ ਸ਼ੇਰਾਂ ਨਾਲੋਂ ਏਸ਼ੀਆਈ ਸ਼ੇਰਾਂ ਨਾਲ ਜਿਆਦਾ ਨੇੜਿਉ ਜੁੜੇ ਹੋਏ ਹਨ।2017 ਵਿਚ ਕੈਟ ਸਪੈਸ਼ਲਿਸਟ ਗਰੁੱਪ ਨੇ ਸ਼ੇਰਾਂ ਦਾ ਮੁੜ ਵਰਗੀਕਰਨ ਪ੍ਰਕਾਸ਼ਿਤ ਕੀਤਾ: ਪੈਂਥੇਰਾ ਲੀਉ ਲੀਉ (ਜਿਸ ਨੂੰ ਉੱਤਰੀ ਉੱਪ-ਪ੍ਰਜਾਤੀਆਂ ਵੀ ਕਿਹਾ ਜਾਂਦਾ ਹੈ) ਅਤੇ ਪੈਂਥੇਰਾ ਲੀਉ ਮੇਲਾਨੋਚਾਈਟਾ (ਦੱਖਣੀ ਉੱਪ-ਪ੍ਰਜਾਤੀਆਂ)। ਹਾਲਾਂਕਿ ਪੱਛਮੀ ਅਫਰੀਕੀ ਅਤੇ ਏਸ਼ੀਆਈ ਸ਼ੇਰ ਜੈਨੇਟਿਕ ਤੌਰ ਤੇ ਸਮਾਨ ਹਨ, ਪਰ ਉਨ੍ਹਾਂ ਦੀਆਂ ਬਹੁਤ ਸਾਰੀਆਂ ਸਰੀਰਕ ਵਿਸ਼ੇਸ਼ਤਾਵਾਂ ਅਤੇ ਵਿਵਹਾਰ ਥੋੜ੍ਹਾ ਵੱਖਰੇ ਹਨ।ਅਫਰੀਕੀ ਸ਼ੇਰ ਸਿਰ ਤੋਂ ਪੂਛ ਤੱਕ 9-10 ਫੁੱਟ ਲੰਬੇ ਹੋ ਸਕਦੇ ਹਨ, ਪੂੰਛ ਲਗਭਗ 2-3 ਫੁੱਟ ਲੰਬੀ ਹੁੰਦੀ ਹੈ। ਉਨ੍ਹਾਂ ਦਾ ਭਾਰ ਆਮ ਤੌਰ ਤੇ 150-250 ਕਿਲੋਗ੍ਰਾਮ ਦੇ ਵਿਚਕਾਰ ਹੁੰਦਾ ਹੈ।ਨਰ ਪਸ਼ੂ ਦਾ ਭਾਰ ਜਿਆਦਾ ਹੁੰਦਾ ਹੈ।ਏਸ਼ੀਆਟਿਕ ਸ਼ੇਰ ਜਿਨੂੰ ਭਾਰਤੀ ਸ਼ੇਰ ਵੀ ਕਿਹਾ ਜਾਂਦਾ ਹੈ, ਅਫਰੀਕੀ ਸ਼ੇਰਾਂ ਨਾਲੋਂ ਥੋੜਾ ਛੋਟੇ ਹੁੰਦੇ ਹਨ, ਉਹ ਸਿਰ ਤੋਂ ਪੂੰਛ ਤੱਕ 2-2.8 ਮੀਟਰ ਲੰਬੇ ਹੁੰਦੇ ਹਨ ਅਤੇ 110-190 ਕਿਲੋਗ੍ਰਾਮ ਵਜਨ ਦੇ ਹੁੰਦੇ ਹਨ। ਅਫਰੀਕੀ ਸ਼ੇਰਾਂ ਦੀ ਤੁਲਨਾ ਵਿੱਚ ਏਸ਼ੀਆਈ ਸ਼ੇਰਾਂ ਦੇ ਕੋਟ ਹੁੰਦੇ ਹਨ, ਉਨ੍ਹਾਂ ਦੀਆਂ ਕੂਹਨੀਆਂ ਤੇ ਲੰਬੇ ਵਾਲ ਹੁੰਦੇ ਹਨ ਅਤੇ ਉਨ੍ਹਾਂ ਦੀ ਪੂਛ ਦੇ ਸਿਰੇ ਤੇ ਇਕ ਲੰਬੀ ਟੇਸਲ ਹੁੰਦੀ ਹੈ।ਨਾ ਸਿਰਫ ਨਰ ਸ਼ੇਰ ਆਮ ਤੌਰ ਤੇ ਮਾਦਾ ਨਾਲੋਂ ਵੱਡੇ ਹੁੰਦੇ ਹਨ, ਬਲਕਿ ਉਨ੍ਹਾਂ ਦੇ ਸਿਰ ਦੇ ਆਲੇ ਦੁਆਲੇ ਮੋਟੇ ਵਾਲ ਹੁੰਦੇ ਹਨ, ਜਿਸ ਨੂੰ ਮੇਨ ਕਿਹਾ ਜਾਂਦਾ ਹੈ ਅਤੇ ਇਹ ਮਾਦਾ ਵਿੱਚ ਨਹੀਂ ਹੁੰਦੇ।ਇਹ ਵਾਲ ਲੜਾਈ ਦੌਰਾਨ ਸ਼ੇਰ ਦੀ ਰੱਖਿਆ ਕਰਨ ਵਿੱਚ ਵੀ ਸਹਾਈ ਹੁੰਦੇ ਹਨ।ਅਫਰੀਕੀ ਸ਼ੇਰਾਂ ਵਿੱਚ ਏਸ਼ੀਆਈ ਸ਼ੇਰਾਂ ਦੇ ਮੁਕਾਬਲੇ ਮੇਨ ਦੇ ਵਾਲ ਜਿਆਦਾ ਸ਼ਾਨਦਾਰ ਅਤੇ ਵੱਡੇ ਹੁੰਦੇ ਹਨ।

(ਡਾ. ਮਧੂ ਸ਼ੈਲੀ)

## ਕੰਮਬੋਡੀਆ ਵਿੱਚ ਤਾਜ਼ੇ ਪਾਣੀ ਦੀ ਸੰਸਾਰ ਦੀ ਸਭ ਤੋਂ ਵੱਡੀ ਮੱਛੀ ਮਿਲੀ

ਦੁਨੀਆ ਦੀ ਸਭ ਤੋਂ ਵੱਡੀ ਤਾਜ਼ੇ ਪਾਣੀ ਵਾਲੀ ਮੱਛੀ ਸਟਿੰਗ ਰੇਅ (Sting ray) ਕੈਮਬੋਡਿਆ ਦੀ ਮੀਕੋਂਗ (Mekong) ਨਦੀ ਵਿੱਚ ਲੱਭੀ ਗਈ ਹੈ। 13 ਜੂਨ 2022 ਨੂੰ ਲੱਭੀ ਗਈ ਇਹ ਮੱਛੀ ਲੱਗਭਗ 13 ਫੁੱਟ ਲੰਮੀ ਹੈ ਅਤੇ ਇਸਦਾ ਭਾਰ 300 ਕਿੱਲੋ ਹੈ।

ਸ੍ਰੋਤ:Sinsamout Ounboundisane/FISHBIO



## ਮਈ- ਜੂਨ ਦੌਰਾਨ ਪਸ਼ੂ ਪਾਲਕਾਂ ਲਈ ਮੁੱਖ ਰੁਝੇਵੇਂ

ਜੁਲਾਈ ਅਤੇ ਅਗਸਤ ਮਹੀਨੇ ਵਿੱਚ ਵਧੇ ਹਏ ਤਾਪਮਾਨ ਦੇ ਨਾਲ ਨਾਲ ਹਵਾ ਵਿੱਚ ਨਮੀ ਵੀ ਪਸ਼ੂਆਂ 'ਤੇ ਵਾਧੂ ਦਬਾਅ ਬਣਾ ਦਿੰਦੀ ਹੈ। ਇਸਲਈ ਪਸ਼ੂਆਂ ਦੇ ਢਾਰਿਆਂ ਵਿੱਚੋਂ ਹਵਾ ਦੀ ਆਵਾਜਾਈ ਦਾ ਪ੍ਰਬੰਧ ਕਰਨਾ ਲਾਜ਼ਮੀ ਹੈ। ਇਸ ਦੇ ਨਾਲ ਨਾਲ ਮੱਖੀਆਂ ਅਤੇ ਮੱਛਰਾਂ ਤਂ ਬਚਾਅ ਲਈ ਗੋਹੇ ਅਤੇ ਪਿਸ਼ਾਬ ਨੂੰ ਸ਼ੈਂਡ ਦੇ ਨੇੜੇ ਇਕੱਠਾ ਨਾ ਹੋਣ ਦਿਉ। ਚਿੱਚੜਾਂ ਦਾ ਵਾਧਾ ਰੋਕਣ ਲਈ ਫ਼ਰਸ਼/ ਕੰਧਾਂ ਨੂੰ ਟੀਪ ਕਰਵਾਉ ਅਤੇ ਯੋਗ ਦਵਾਈਆਂ ਦਾ ਛਿੜਕਾਅ ਕਰੋ।

### ਡੇਅਰੀ ਫ਼ਾਰਮਿੰਗ

ਪਸ਼ੂਆਂ ਨੂੰ ਮੂੰਹ-ਖੁਰ ਤੇ ਗਲ-ਘੋਟੂ ਦੇ ਟੀਕੇ ਜੇ ਨਹੀਂ ਲਗਵਾਏ ਤਾਂ ਤੁਰੰਤ ਲਗਵਾ ਲਉ।

ਬਰਸਾਤਾਂ ਵਿੱਚ ਫੁਆਰਿਆਂ ਦਾ ਇਸਤੇਮਾਲ ਬੰਦ ਕਰ ਦਿਉ, ਪਰ ਪੱਖੇ ਚਲਦੇ ਰਹਿਣ ਦਿਉ।

ਚਿੱਚੜਾਂ ਦੀ ਰੋਕਥਾਮ ਲਈ ਸ਼ੈਂਡ ਅਤੇ ਪਸ਼ੂਆਂ ਤੇ ਸ਼ਿਫਾਰਸ਼-ਸ਼ੁਦਾ ਦਵਾਈ ਦੀ ਵਰਤੋਂ ਕਰੋ।

ਮੱਖੀ, ਮੱਛਰ ਦੀ ਰੋਕਥਾਮ ਲਈ ਸ਼ੈਂਡ ਦੀ ਸਾਫ਼ ਸਫ਼ਾਈ ਰੱਖੋ, ਮੱਛਰਦਾਨੀ ਦੀ ਵਰਤੋਂ ਕਰ ਸਕਦੇ ਹੋ।

ਕਿਸੇ ਬਿਮਾਰੀ ਫੈਲਣ/ਹੋਣ ਦੀ ਸੂਰਤ (ਜਿਵੇਂ ਕਿ ਮੂੰਹ-ਖੁਰ, ਲੰਪੀ ਬਿਮਾਰੀ) ਵਿੱਚ ਤੁਰੰਤ ਵੈਟਨਰੀ ਡਾਕਟਰ ਨਾਲ ਸੰਪਰਕ ਕਰੋ।

ਸੂਣ ਨੇੜੇ ਪਸ਼ੂਆਂ ਨੂੰ ਦਲੀਆ ਦਿਉ। ਸੂਣ ਤੋਂ 15 ਦਿਨ ਪਹਿਲਾਂ ਵਾਧੂ ਕੈਲਸ਼ੀਅਮ ਨਾ ਦਿਓ।

### ਬੱਕਰੀ ਪਾਲਣ

ਆਸ ਹੋਣ ਵਾਲੀਆਂ ਪੱਠਾਂ ਨੂੰ ਇੱਕ ਮਹੀਨਾ ਪਹਿਲਾਂ ਹਰ ਰੋਜ਼ ਪਾਈਆ ਕੁ ਵੰਡ ਜ਼ਿਆਦਾ ਖਿਲਾਓ।

ਖਰਾਬ ਜਾਂ ਉੱਲੀ ਲੱਗੀ ਖੁਰਾਕ ਬੱਕਰੀਆਂ ਨੂੰ ਨਾ ਚਾਰੋ।

### ਮੁਰਗੀ ਪਾਲਣ

ਪੱਖਿਆਂ ਨਾਲ ਸ਼ੈਂਡ ਵਿੱਚ ਹਵਾ ਦਾ ਵਹਾਅ ਬਣਾਈ ਰੱਖੋ ਤਾਂ ਕਿ ਵਾਧੂ ਨਮੀ ਨੂੰ ਬਾਹਰ ਕੱਢਿਆ ਜਾ ਸਕੇ।

ਖੁਰਾਕ ਵਿੱਚ ਪ੍ਰੋਟੀਨ, ਵਿਟਾਮਿਨ ਅਤੇ ਖਣਿਜ ਦੀ ਮਾਤਰਾ ਵਧਾ (15%) ਦਿਉ।

### ਸੂਰ ਪਾਲਣ

ਗੱਭਣ ਸੂਰੀਆਂ ਨੂੰ ਸੂਣ ਤੋਂ 10 ਦਿਨ ਪਹਿਲਾਂ ਕਿਟਾਣੂ ਰਹਿਤ ਕੀਤੇ ਹੋਏ ਪ੍ਰਸੂਤੀ ਖਾਨੇ ਵਿੱਚ ਭੇਜ ਦਿਉ।

ਕਿਸੇ ਵੀ ਜਾਨਵਰ ਦੇ ਸੱਟ ਲੱਗਣ ਤੇ ਤੁਰੰਤ ਇਲਾਜ ਕਰੋ, ਨਹੀਂ ਤਾਂ ਕੀੜੇ ਪੈ ਸਕਦੇ ਹਨ।

### ਮੱਛੀ ਪਾਲਣ

ਬੱਦਲਵਾਈ ਵਾਲੇ ਦਿਨਾਂ ਦਰਾਨ ਦਿਨ ਵੇਲੇ ਵੀ ਏਰੇਸ਼ਨ ਕਰੋ।

ਮੀਂਹ ਕਾਰਨ ਜੇਕਰ ਪਾਣੀ ਦੀ ਪੀ ਐੱਚ ਘਟ ਜਾਵੇ ਤਾਂ ਤਲਾਅ ਵਿੱਚ ਚੂਨੇ ਦਾ ਘੋਲ ਪਾਉ।

ਸਪਾਨ ਜਾਂ ਫ਼ਰਾਈ ਤਂ ਉਂਗਲਲਾਕਾਰੀ ਬੱਚ ਤਿਆਰ ਕਰਨ ਲਈ ਨਰਸਰੀ ਤਲਾਅ ਵਿੱਚ ਸਟਾਕ ਕਰੋ।

(ਡਾ. ਜਸਵਿੰਦਰ ਸਿੰਘ, ਡਾ. ਅਰੁਨਬੀਰ ਸਿੰਘ, ਡਾ. ਵਨੀਤ ਇੰਦਰ ਕੌਰ)